ਨੰ: 17/22/12-1ਪੀ.ਪੀ.1/836
ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪੀ. ਪੀ.-1 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਿਵੀਜਨਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਡਿਪਟੀ ਕਮਿਸ਼ਨਰ ਅਤੇ
ਉਪ ਮੰਡਲ ਅਫਸਰ (ਸਿਵਿਲ)

ਮਿਤੀ, ਚੰਡੀਗੜ੍ਹ, 29 ਸਤੰਬਰ, 2014

ਵਿਸ਼ਾ:- **ਆਸਾਮੀਆਂ ਦੇ ਵਰਗੀਕਰਣ ਸਬੰਧੀ।**

ਸ਼੍ਰੀਮਾਨ/ਸ਼੍ਰੀਮਤੀ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮੈਨੂੰ ਆਪ ਦਾ ਧਿਆਨ ਇਸ ਵਿ ਭਾਗ ਦੀਆਂ ਹਦਾਇਤਾਂ ਨੰ: 4/46/09-1ਪੀ.ਪੀ.1/10828, ਮਿਤੀ 13 ਅਕਤੂਬਰ, 2009 ਵੱਲ ਦਿਵਾਉਣ ਅਤੇ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਸਰਕਾਰ ਵਲੋਂ ਵਿਚਾਰ ਕਰਨ ਉਪਰੰਤ ਇਹ ਫੈਸਲਾ ਲਿਆ ਗਿਆ ਹੈ ਕਿ ਵਿੱਤ ਵਿਭਾਗ ਦੇ ਨੋਟੀਫੀਕੇਸ਼ਨ ਨੰ: 5/10/09 - 5 ਐਫ. ਪੀ. 1/207, ਮਿਤੀ 27 ਮਈ, 2009 (ਪੰਜਾਬ ਸਿਵਲ ਸੇਵਾਵਾਂ(ਸੋਧੇ ਤਨਖਾਹ) ਨਿਯਮ, 2009) ਰਾਹੀਂ ਲਾਗੂ ਕੀਤੀ ਗਈ ਸੇਵਾਵਾਂ ਦੀ ਗਰੁੱਪਿੰਗ ਹੁਣ ਵੀ ਉਸੇ ਤਰ੍ਹਾਂ ਹੀ ਲਾਗੂ ਰਹੇਗੀ। ਇਸ ਨੋਟੀਫੀਕੇਸ਼ਨ ਦੇ ਜਾਰੀ ਹੋਣ ਤੋਂ ਬਾਦ ਭਾਵੇਂ ਸਰਕਾਰ ਵੱਲੋਂ ਕੁੱਝ ਕੈਟਾਗਰੀਜ਼ /ਅਸਾਮੀਆਂ ਦੇ ਪੇ ਬੈਂਡ / ਗਰੇਡ ਪੇਅ ਵਿਚ ਮੁੜ ਸੋਧ ਕੀਤੀ ਗਈ ਹੈ ਪਰੰਤੂ ਉਨ੍ਹਾਂ ਸੇਵਾਵਾਂ / ਅਸਾਮੀਆਂ ਦੇ ਸੋਧੇ ਪੇ ਬੈਂਡ / ਗਰੇਡ ਪੇਅ ਕਰਕੇ ਉਨ੍ਹਾਂ ਦੀ ਗਰੁੱਪਿੰਗ ਵਿਚ ਕੋਈ ਤਬਦੀਲੀ ਨਹੀਂ ਹੋਵੇਗੀ।

2. ਇਹ ਪੱਤਰ ਮਿਸਲ ਨੰ: 14/12/2013 - 3ਪੀ. ਪੀ. 3 ਤੇ ਮਾਨਯੋਗ ਮੁੱਖ ਮੰਤਰੀ ਜੀ ਦੀ ਪ੍ਰਵਾਨਗੀ ਮਿਤੀ 3-7-2013 ਅਨੁਸਾਰ ਜਾਰੀ ਕੀਤਾ ਜਾਂਦਾ ਹੈ।

ਵਿਸ਼ਵਾਸ਼ਪਾਤਰ,

ਅਧੀਨ ਸਕੱਤਰ ਪ੍ਰਸੋਨਲ